ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਸੰਗਰੂਰ

ਵੱਲ

ਸਮੂਹ ਸਕੂਲ ਮੁਖੀ,
ਸਮਿਸ,ਸਹਸ,ਸਸਸਸ
ਜ਼ਿਲ੍ਹਾ ਸੰਗਰੂਰ ।

ਪੱਤਰ ਨੰ. ਜ-1( )/2018-19/ 281
ਮਿਤੀ ਸੰਗਰੂਰ 10.04.2018

ਵਿਸ਼ਾ- **CWP No. 22527 of 2017-Jyoti Sehgal Versus Union of Union and Ors.** ਵਿਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮ ਮਿਤੀ 8.03.2018 ਦੀ ਪਾਲਣਾ ਕਰਨ ਸਬੰਧੀ ।

ਹਵਾਲਾ- ਦਫਤਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ,ਪੰਜਾਬ ਦੇ ਮੀਮੋ ਨੰ. ਡੀਏ-1(ਸਸ)2018/147-7-33 ਮਿਤੀ ਚੰਡੀਗੜ੍ਹ 9.04.2018 ਸਬੰਧੀ ।

ਵਿਸ਼ਾ ਅੰਕਿਤ ਸਬੰਧੀ ਆਪ ਸਭ ਨੂੰ ਲਿਖਿਆ ਜਾਂਦਾ ਹੈ ਕਿ ਨਾਲ ਨੱਥੀ Annexure-1 ਵਿੱਚ ਅੰਕਿਤ ਸੂਚਨਾ ਆਪਣੇ-ਆਪਣੇ ਸਕੂਲ ਦੇ ਐਂਟਰੀ ਗੇਟ ਤੇ ਫਲੈਕਸ ਬੋਰਡ ਜਾਂ ਪੇਂਟਿੰਗ ਰਾਹੀਂ ਅੰਕਿਤ ਕਰਵਾ ਕੇ ਇਸ ਦਫਤਰ ਨੂੰ ਰਿਪੋਰਟ ਮਿਤੀ 12.04.2018 ਤੱਕ ਪੁੱਜਦਾ ਕੀਤੀ ਜਾਵੇ । ਨਵੇਂ ਫਲੈਕਸ ਬੋਰਡ ਜਾਂ ਪੇਂਟਿੰਗ ਦੀ ਸਥਾਪਨਾ ਸਬੰਧੀ ਫੋਟੋਆਂ ਵੀ ਇਸ ਦਫਤਰ ਨੂੰ ਭੇਜੀਆਂ ਜਾਣ । ਇਸ ਕੰਮ ਨੂੰ ਪਰਮ ਅਗੇਤ ਦਿੱਤੀ ਜਾਵੇ ।ਜੇਕਰ ਇਸ ਕੰਮ ਵਿੱਚ ਕਿਸੇ ਵੀ ਕਿਸਮ ਦੀ ਕੋਈ ਅਣਗਹਿਲੀ ਹੁੰਦੀ ਹੈ ਤਾਂ ਉਸ ਦੀ ਜਿੰਮੇਵਾਰੀ ਸਬੰਧਤ ਸਕੂਲ ਮੁਖੀ ਦੀ ਹੋਵੇਗੀ ।

ਨੱਥੀ- Annexure-1

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਸੰਗਰੂਰ

ਪਿੱਠ ਅੰਕਣ ਨੰ. ਅੰਤੇ ਮਿਤੀ ਉਕਤ

ਉਪਰੋਕਤ ਪੱਤਰ ਦਾ ਉਤਾਰਾ ਮਾਨਯੋਗ ਡਾਇਰੈਕਟਰ , ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਸੰਗਰੂਰ
10/4/18

Annexure -I

M.R. School Open

## ਸੂਚਨਾਂ

**ਵਿਕਲਾਂਗ ਵਿਅਕਤੀ ਅਧਿਕਾਰ ਐਕਟ (Rights of Persons with disabilities Act 2016 )**

ਰਾਈਟਸ ਆਫ ਪਰਸਨਜ਼ ਵਿਦ ਡਿਸਏਬਿਲਟੀ ਐਕਟ, 2016 ਰਾਂਹੀ ਵਿਕਲਾਂਗਾ (ਦਿਵਿਆਂਗਜਨ) ਨੂੰ ਉਹਨਾਂ ਦੇ ਹੱਕਾ ਦੀ ਰਾਖੀ ਅਤੇ ਭਲਾਈ ਲਈ ਵੱਖ-ਵੱਖ ਸੁਵਿਧਾਵਾਂ /ਵਿਵਸਥਾਵਾਂ ਦਾ ਉਪਬੰਧ ਕੀਤਾ ਗਿਆ ਹੈ। ਇਸ ਐਕਟ ਅਧੀਨ ਦਿਵਿਆਂਗ ਵਿਦਿਆਥੀਆਂ ਨੂੰ ਹੇਠ ਲਿਖੇ ਅਧਿਕਾਰਾਂ /ਸਹੂਲਤਾ ਦਾ ਹੱਕ ਹੈ।

1. 06 ਸਾਲ ਤੋ 18 ਸਾਲ ਦੀ ਉਮਰ ਤੱਕ ਦੇ ਹਰ ਇੱਕ ਦਿਵਿਆਂਗ ਬੱਚੇ ਨੂੰ ਸਰਕਾਰੀ ਸਕੂਲਾਂ ਜਾਂ ਸਪੈਸ਼ਲ ਸਕੂਲਾਂ ਵਿੱਚ ਬਿਨਾਂ ਕਿਸੇ ਭੇਦਭਾਵ ਤੋ ਦਾਖਲੇ ਅਤੇ ਮੁਫਤ ਸਿਖਿਆਂ ਦਾ ਅਧਿਕਾਰ ਹੈ।
2. ਸਰਕਾਰੀ ਵਿਦਿਅਕ ਸੰਸਥਾਵਾਂ ਵਿੱਚ ਦਿਵਿਆਂਗ ਬੱਚਿਆਂ ਲਈ 5% ਸੀਟਾਂ ਰਿਜ਼ਰਵ ਹਨ ਅਤੇ ਦਾਖਲੇ ਲਈ ਉਪਰਲੀ ਉਮਰ ਸੀਮਾਂ ਵਿੱਚ 5 ਸਾਲ ਦੀ ਛੋਟ ਹੈ।
3. ਖੇਡਾਂ ਅਤੇ ਮੰਨੋਰੰਜਨ ਕਿਰਿਆਵਾਂ ਵਿਚ ਬਿਨਾਂ ਕਿਸੇ ਭੇਦਭਾਵ ਤੋ ਭਾਗ ਲੈਣ ਦੀ ਸੁਵਿਧਾ ਹੈ।
4. ਉਹਨਾਂ ਨੂੰ ਲੋੜ ਅਨੁਸਾਰ ਸਫਰ ਸਹੂਲਤਾਂ ਅਤੇ ਰਿਹਾਇਸ਼ ਦਾ ਪ੍ਰਬੰਧ ਹੈ। ਸਰਕਾਰੀ ਬਸਾਂ ਵਿਚ ਦੇਖਣ ਤੋ ਅਸਮਰੱਥਾਂ ਨੂੰ ਸਫਰੀ ਭੱਤੇ ਵਿੱਚ 100% ਅਤੇ ਬਾਕੀ ਵਿਕਲਾਂਗ ਵਿਦਿਆਰਥੀਆਂ ਨੂੰ 50% ਛੋਟ ਹੈ।
5. ਸੁਣਨ , ਬੋਲਣ ਜਾਂ ਦੇਖਣ ਤੋ ਅਸਮਰੱਥ ਵਿਦਿਆਰਥੀਆਂ ਨੂੰ ਉਚਿੱਤ ਭਾਸ਼ਾਂ ਅਤੇ ਸੰਚਾਰ ਤੇ ਸਹੀ ਮਾਧਿਅਮ ਰਾਂਹੀ ਪੜਾਉਣਾ।
6. 18 ਸਾਲ ਦੀ ਉਮਰ ਤੱਕ ਉਹਨਾਂ ਦੀ ਪੜਾਈ ਲਈ ਮੁਫਤ ਸਿੱਖਣ ਸਮਗਰੀ,ਵਿਸ਼ੇਸ਼ ਸਿਖਿਅਕ, ਵਜੀਫੇ ਦੀ ਸਹੂਲਤ ਅਤੇ ਸਹਾਈ ਯੰਤਰ (Assistive devices) ਦੀ ਸੁਵਿਧਾ ਹੈ।
7. ਇਮਤਿਹਾਨ ਦੇਣ ਸਮੇਂ ਸਾਰੇ ਦਿਵਿਆਂਗ ਵਿਦਿਆਰਥੀਆਂ ਨੂੰ ਵਿਸ਼ੇਸ਼ ਸਹੂਲਤਾਂ, ਜਿਵੇ ਵਾਧੂ ਸਮਾਂ, ਦੂਜੀ /ਤੀਜੀ ਭਾਸ਼ਾ ਵਿੱਚ ਛੋਟ ਅਤੇ ਮੁਫਤ ਲਿਖਾਰੀ (Scribe) ਦੀ ਸੁਵਿਧਾ ਹੈ।

ਜੇਕਰ ਕਿਸੇ ਆਮ ਦਿਵਿਆਂਗ ਵਿਅਕਤੀ ਜਾਂ ਦਿਵਿਆਂਗ ਵਿਦਿਆਰਥੀ ਨੂੰ ਇਹ ਲਗਦਾ ਹੈ ਕਿ ਆਰ.ਪੀ.ਡਬਲਿਓ.ਡੀ.ਐਕਟ 2016 ਅਧੀਨ ਦਿੱਤੇ ਹੱਕਾਂ/ਸਹੂਲਤਾ/ਵਿਵਸਥਾਵਾਂ ਦੀ ਉਲੰਘਣਾ ਹੋ ਰਹੀ ਤਾਂ ਉਹ ਡਿਸਏਬਿਲਟੀ ਕਮਿਸ਼ਨਰ, ਪੰਜਾਬ ਜੀ ਨਾਲ ਹੇਠ ਲਿੱਖੇ ਪਤੇ ਤੇ ਸੰਪਰਕ ਕਰ ਸਕਦੇ ਹਨ।

ਸ੍ਰੀ ਕੁਮਾਰ ਰਾਹੁਲ,ਆਈ.ਏ.ਐਸ,
ਕਮਿਸ਼ਨਰ ਫਾਰ ਦਾ ਪਰਸਨਜ਼ ਵਿਦ ਡਿਸਏਬਿਲਟੀ ,ਪੰਜਾਬ
ਕਮਰਾ ਨੰ: 101, 17 ਬੇਜ਼ ਬਿਲਡਿੰਗ, ਨੇੜੇ ਪ੍ਰੋਵੀਡੈਂਟ ਫੰਡ ਦਫਤਰ
ਸੈਕਟਰ-17,ਡੀ ਚੰਡੀਗੜ੍ਹ।
ਫੋਨ ਨੰ: 0172-2724310

ਜਾਰੀ ਕਰਤਾ:-
(ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ, ਚੰਡੀਗੜ੍ਹ )